# ੴ

# ਜਾਪੁ ਸਾਹਿਬ

# Jaap Sahib

WWW.SIKHNET.COM

ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥
**Sree vaahiguroo jee kee phatih.**

ਜਾਪੁ ॥
**Jaap(u).**

ਸ੍ਰੀ ਮੁਖਵਾਕ ਪਾਤਸਾਹੀ ੧੦ ॥
**Sree mukhavaak paatasaahee 10.**
ਛਪੈ ਛੰਦ ॥ ਤ੍ਵ ਪ੍ਰਸਾਦਿ ॥
**Chhapai chha(n)d || tva prasaad(i).**
ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
Chakr chihan ar(u) baran jaat(i) ar(u) paat(i) nahin jih.
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
Roop ra(n)g ar(u) raykh bhaykh ko-oo kah(i) na sakat(i) kih.
ਅਚਲ ਮੂਰਤਿ ਅਨਭਵ ਪ੍ਰਕਾਸ ਅਮਿਤੋਜ ਕਹਿੱਜੈ ॥
Achal moorat(i) anabhav prakaas amitoj kahijai.
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
Koṭ(i) i(n)dr i(n)draaṇ(i) saah(u) saahaaṇ(i) gaṇijai.

**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥**

Tribhavaṇ maheep sur nar asur nayt(i) nayt(i) ban triṇ kahat.

**ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥**

Tva sarab naam kat'hai kavan karam naam baraṇat sumat(i). ||1||

**ਭੁਜੰਗ ਪ੍ਰਯਾਤ ਛੰਦ ॥ ਨਮਸੰਤ ਅਕਾਲੇ ॥ ਨਮਸੰਤ ਕ੍ਰਿਪਾਲੇ ॥**

Bhuja(n)g prayaat chha(n)d || namasatva(n) akaalay || namasatva(n) kripaalay.

**ਨਮਸੰਤ ਅਰੂਪੇ ॥ ਨਮਸੰਤ ਅਨੂਪੇ ॥੧॥੨॥**

Namasatva(n) aroopay || namasatva(n) anoopay. ||1||2||

**ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥**

Namasata(n) abhaykhay || namasata(n) alaykhay.

**ਨਮਸਤੰ ਅਕਾਏ ॥ ਨਮਸਤੰ ਅਜਾਏ ॥੨॥੩॥**

Namasata(n) akaa-ay || namasata(n) ajaa-ay. ||2||3||

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**

Namasata(n) aga(n)jay || namasata(n) abha(n)jay.

**ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੩॥੪॥**

Namasata(n) anaamay || namasata(n) aṭ'haamay. ||3||4||

**ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥**

Namasata(n) akarama(n) || namasata(n) adharama(n).

**ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੪॥੫॥**

Namasata(n) anaama(n) || namasata(n) adhaama(n). ||4||5||

**ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥**

Namasata(n) ajeetay || namasata(n) abheetay.

**ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੫॥੬॥**

Namasata(n) abaahay || namasata(n) aḍhaahay. ||5||6||

**ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥**

Namasata(n) aneelay || namasata(n) anaaday.

**ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੬॥੭॥**

Namasata(n) achhayday || namasata(n) agaadhay. ||6||7||

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**

Namasata(n) aga(n)jay || namasata(n) abha(n)jay.

**ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੭॥੮॥**

Namasata(n) udaaray || namasata(n) apaaray. ||7||8||

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**

Namasata(n) s(u) aykai || namasata(n) anaykai.

**ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੮॥੯॥**

Namasata(n) abhootay || namasata(n) ajoopay. ||8||9||

**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥**

Namasata(n) nrikaramay || namasata(n) nribharamay.

**ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੯॥੧੦॥**

Namasata(n) nridaysay || namasata(n) nribhaysay. ||9||10||

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**

Namasata(n) nrinaamay || namasata(n) nrikaamay.

**ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੦॥੧੧॥**

Namasata(n) nridhaatay || namasata(n) nrighaatay. ||10||11||

**ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥**

Namasata(n) nridhootay || namasata(n) abhootay.

**ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥੧੧॥੧੨॥**

Namasata(n) alokay || namasata(n) asokay. ||11||12||

**ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥**

Namasata(n) nritaapay || namasata(n) at'haapay.

**ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੨॥੧੩॥**

Namasata(n) trimaanay || namasata(n) nidhaanay. ||12||13||

**ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥**

Namasata(n) agaahay || namasata(n) abaahay.

**ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੩॥੧੪॥**

Namasata(n) tribaragay || namasata(n) asaragay. ||13||14||

**ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥**

Namasata(n) prabhogay || namasata(n) sujogay.

**ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੪॥੧੫॥**

Namasata(n) ara(n)gay || namasata(n) abha(n)gay. ||14||15||

**ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥**

Namasata(n) aga(n)may || namasatasat(u) ra(n)may.

**ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੫॥੧੬॥**

Namasata(n) jalaasaray || namasata(n) niraasaray. ||15||16||

**ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥**

Namasata(n) ajaatay || namasata(n) apaatay.

**ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥੧੬॥੧੭॥**

Namasata(n) amajabay || namasatasat(u) ajabay. ||16||17||

**ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥**

Adaysa(n) adaysay || namasata(n) abhaysay.

**ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੭॥੧੮॥**

Namasata(n) nridhaamay || namasata(n) nribaamay. ||17||18||

ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥

Namo sarab kaalay || namo sarab di-aalay.

ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੮॥੧੯॥

Namo sarab roopay || namo sarab bhoopay. ||18||19||

ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥

Namo sarab khaapay || namo sarab t'haapay.

ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੧੯॥੨੦॥

Namo sarab kaalay || namo sarab paalay. ||19||20||

ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥

Namasatasat(u) dayvai || namasata(n) abhayvai.

ਨਮਸਤੰ ਅਜਨਮੇ ॥ਨਮਸਤੰ ਸੁਬਨਮੇ ॥੨੦॥੨੧॥

Namasata(n) ajanamay ||namasata(n) subanamay. ||20||21||

ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥

Namo sarab ga-unay || namo sarab bha-unay.

ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੧॥੨੨॥
Namo sarab ra(n)gay || namo sarab bha(n)gay. ||21||22||
ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥
Namo kaal kaalay || namasatasat(u) di-aalay.
ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੨॥੨੩॥
Namasata(n) abaranay || namasata(n) amaranay. ||22||23||
ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥
Namasata(n) jaraara(n) || namasata(n) kritaara(n).
ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥੨੩॥੨੪॥
Namo sarab dha(n)dhay || namo sat aba(n)dhay. ||23||24||
ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥
Namasata(n) nrisaakay || namasata(n) nribaakay.
ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੪॥੨੫॥
Namasata(n) raheemay || namasata(n) kareemay. ||24||25||

ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥

Namasata(n) ana(n)tay || namasata(n) maha(n)tay.

ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੫॥੨੬॥

Namasatasat(u) raagay || namasata(n) suhaagay. ||25||26||

ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥

Namo sarab sokha(n) ||
namo sarab pokha(n).

ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੬॥੨੭॥

Namo sarab karataa || namo sarab harataa. ||26||27||

ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥

Namo jog jogay || namo bhog bhogay.

ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੭॥੨੮॥

Namo sarab di-aalay || namo sarab paalay. ||27||28||

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

Chaacharee chha(n)d ||
tva prasaad(i).

ਅਰੂਪ ਹੈਂ ॥ ਅਨੂਪ ਹੈਂ ॥
Aroop hai(n) || anoop hai(n).
ਅਜੂ ਹੈਂ ॥ ਅਭੂ ਹੈਂ ॥੧॥੨੯॥
Ajoo hai(n) || abhoo hai(n). ||1||29||
ਅਲੇਖ ਹੈਂ ॥ਅਭੇਖ ਹੈਂ ॥
Alaykh hai(n) ||abhaykh hai(n).
ਅਨਾਮ ਹੈਂ ॥ ਅਕਾਮ ਹੈਂ ॥੨॥੩੦॥
Anaam hai(n) || akaam hai(n). ||2||30||
ਅਧੇ ਹੈਂ ॥ ਅਭੇ ਹੈਂ ॥
Adhay hai(n) || abhay hai(n).
ਅਜੀਤ ਹੈਂ ॥ ਅਭੀਤ ਹੈਂ ॥੩॥੩੧॥
Ajeet hai(n) || abheet hai(n). ||3||31||
ਤ੍ਰਿਮਾਨ ਹੈਂ ॥ ਨਿਧਾਨ ਹੈਂ ॥
Trimaan hai(n) || nidhaan hai(n).
ਤ੍ਰਿਬਰਗ ਹੈਂ ॥ ਅਸਰਗ ਹੈਂ ॥੪॥੩੨॥
Tribarag hai(n) || asarag hai(n). ||4||32||
ਅਨੀਲ ਹੈਂ ॥ ਅਨਾਦਿ ਹੈਂ ॥
Aneel hai(n) || anaad(i) hai(n).
ਅਜੇ ਹੈਂ ॥ ਅਜਾਦਿ ਹੈਂ ॥੫॥੩੩॥
Ajay hai(n) || ajaad(i) hai(n). ||5||33||

**ਅਜਨਮ ਹੈਂ ॥ ਅਬਰਨ ਹੈਂ ॥**

Ajanam hai(n) || abaran hai(n).

**ਅਭੂਤ ਹੈਂ ॥ ਅਭਰਨ ਹੈਂ ॥੬॥੩੪॥**

Abhoot hai(n) || abharan hai(n). ||6||34||

**ਅਗੰਜ ਹੈਂ ॥ ਅਭੰਜ ਹੈਂ ॥**

Aga(n)j hai(n) || abha(n)j hai(n).

**ਅਝੂਝ ਹੈਂ ॥ ਅਝੰਝ ਹੈਂ ॥੭॥੩੫॥**

Ajhoojh hai(n) || ajha(n)jh hai(n). ||7||35||

**ਅਮੀਕ ਹੈਂ ॥ ਰਫ਼ੀਕ ॥**

Ameek hai(n) || rapheek hai(n).

**ਅਧੰਧ ਹੈਂ ॥ ਅਬੰਧ ਹੈਂ ॥੮॥੩੬॥**

Adha(n)dh hai(n) || aba(n)dh hai(n). ||8||36||

**ਨ੍ਰਿਬੂਝ ਹੈਂ ॥ ਅਸੂਝ ਹੈਂ ॥**

Nriboojh hai(n) || asoojh hai(n).

**ਅਕਾਲ ਹੈਂ ॥ ਅਜਾਲ ਹੈਂ ॥੯॥੩੭॥**

Akaal hai(n) || ajaal hai(n). ||9||37||

**ਅਲਾਹ ਹੈਂ ॥ ਅਜਾਹ ਹੈਂ ॥**

Alaah hai(n) || ajaah hai(n).

**ਅਨੰਤ ਹੈਂ ॥ ਮਹੰਤ ਹੈਂ ॥੧੦॥੩੮॥**

Ana(n)t hai(n) || maha(n)t hai(n). ||10||38||

ਅਲੀਕ ਹੈਂ ॥ ਨ੍ਰਿਸ੍ਰੀਕ ਹੈਂ ॥

Aleek hai(n) || nrisreek hai(n).

ਨ੍ਰਿਲੰਭ ਹੈਂ ॥ ਅਸੰਭ ਹੈਂ ॥੧੧॥੩੯॥

Nrila(n)bh hai(n) || asa(n)bh hai(n). ||11||39||

ਅਗੰਮ ਹੈਂ ॥ ਅਜੰਮ ਹੈਂ ॥

Aga(n)m hai(n) || aja(n)m hai(n).

ਅਭੂਤ ਹੈਂ ॥ਅਛੂਤ ਹੈਂ ॥੧੨॥੪੦॥

Abhoot hai(n) ||achhoot hai(n). ||12||40||

ਅਲੋਕ ਹੈਂ ॥ ਅਸੋਕ ਹੈਂ ॥

Alok hai(n) || asok hai(n).

ਅਕਰਮ ਹੈਂ ॥ ਅਭਰਮ ਹੈਂ ॥੧੩॥੪੧॥

Akaram hai(n) || abharam hai(n). ||13||41||

ਅਜੀਤ ਹੈਂ ॥ ਅਭੀਤ ਹੈਂ ॥

Ajeet hai(n) || abheet hai(n).

ਅਬਾਹ ਹੈਂ ॥ ਅਗਾਹ ਹੈਂ ॥੧੪॥੪੨॥

Abaah hai(n) || agaah hai(n). ||14||42||

ਅਮਾਨ ਹੈਂ ॥ ਨਿਧਾਨ ਹੈਂ ॥

Amaan hai(n) || nidhaan hai(n).

ਅਨੇਕ ਹੈਂ ॥ ਫਿਰਿ ਏਕ ਹੈਂ ॥੧੫॥੪੩॥

Anayk hai(n) || phir(i) ayk hai(n). ||15||43||

**ਭੁਜੰਗ ਪ੍ਰਯਾਤ ਛੰਦ ॥**
**Bhuja(n)g prayaat chha(n)d ||**

**ਨਮੋ ਸਰਬ ਮਾਨੇ ॥**
namo sarab maanay.
**ਸਮਸਤੀ ਨਿਧਾਨੇ ॥ ਨਮੋ ਦੇਵ ਦੇਵੇ ॥**
Samasatee nidhaanay || namo dayv dayvay.
**ਅਭੇਖੀ ਅਭੇਵੇ ॥੧॥੪੪॥**
Abhaykhee abhayvay. ||1||44||
**ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥**
Namo kaal kaalay || namo sarab paalay.
**ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੨॥੪੫॥**
Namo sarab ga-uṇay || namo sarab bha-uṇay. ||2||45||
**ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥**
Ana(n)gee anaat'hay || nrisa(n)gee pramaat'hay.
**ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੩॥੪੬॥**
Namo bhaan bhaanay || namo maan maanay. ||3||46||

ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
Namo cha(n)dr cha(n)dray || namo bhaan bhaanay.
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪॥੪੭॥
Namo geet geetay || namo taan taanay. ||4||47||
ਨਮੋ ਨ੍ਰਿਤ ਨ੍ਰਿਤੇ ॥ ਨਮੋ ਨਾਦ ਨਾਦੇ ॥
Namo nrit nritay || namo naad naaday.
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੫॥੪੮॥
Namo paan paanay || namo baad baaday. ||5||48||
ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥
Ana(n)gee anaamay || samasatee saroopay.
ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੬॥੪੯॥
Prabha(n)gee pramaat'hay || samasatee bibhootay. ||6||49||
ਕਲੰਕੰ ਬਿਨਾ ਨੇਕਲੰਕੀ ਸਰੂਪੇ ॥
Kala(n)ka(n) binaa nayhakala(n)kee saroopay.

**ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੭॥੫੦॥**

Namo raaj raajaysvara(n) param roopay. ||7||50||

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ॥**

Namo jog jogaysvara(n) param sidhay.

**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੮॥੫੧॥**

Namo raaj raajaysvara(n) param bridhay. ||8||51||

**ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥**

Namo sasatr paaṇay || namo asatr maaṇay.

**ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੯॥੫੨॥**

Namo param gi-aataa || namo lok maataa. ||9||52||

**ਅਭੇਖੀ ਅਭਰਮੀ ਅਭੋਗੀ ਅਭੁਗਤੇ ॥**

Abhaykhee abharamee abhogee abhugatay.

**ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥੧੦॥੫੩॥**

Namo jog jogaysvara(n) param jugatay. ||10||53||

ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ ॥
Namo nit naaraa-iṇay kroor karamay.
ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੧੧॥੫੪॥
Namo prayt aprayt dayvay sudharamay.
||11||54||
ਨਮੋ ਰੋਗ ਹਰਤਾ ॥ ਨੋਮ ਰਾਗ ਰੂਪੇ ॥
Namo rog haratаa || nom raag roopay.
ਨਮੋ ਸਾਹ ਸਾਹੰ ॥ ਨਮੋ ਭੂਪ ਭੂਪੇ ॥੧੨॥੫੫॥
Namo saah saaha(n) || namo bhoop bhoopay. ||12||55||
ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥
Namo daan daanay || namo maan maanay.
ਨਮੋ ਰੋਗ ਰੋਗੇ ॥ ਨਮਸਤੰ ਸਨਾਨੇ ॥੧੩॥੫੬॥
Namo rog rogay || namasata(n) sanaanay.
||13||56||
ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥
Namo ma(n)tr ma(n)tra(n) || namo ja(n)tr ja(n)tra(n).
ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥੧੪॥੫੭॥
Namo isaṭ isaṭay || namo ta(n)tr ta(n)tra(n).
||14||57||

**ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥**

Sadaa sachidaana(n)d saraba(n) praṇaasee.

**ਅਨੂਪੇ ਅਰੂਪੇ ਸਮਸਤੁਲ ਨਿਵਾਸੀ ॥੧੫॥੫੮॥**

Anoopay aroopay samasatul nivaasee. ||15||58||

**ਸਦਾ ਸਿਧ ਦਾ ਬੁਧ ਦਾ ਬ੍ਰਿਧਿ ਕਰਤਾ ॥**

Sadaa sidhidaa budhidaa bridh(i) karataa.

**ਅਧੋ ਉਰਧ ਅਰਧੰ ਅਘੰ ਓਘ ਹਰਤਾ ॥੧੬॥੫੯॥**

Adho uradh aradha(n) agha(n) ogh harataa. ||16||59||

**ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥**

Para(n) param paramaysvara(n) prochhapaala(n).

**ਸਦਾ ਸਰਬ ਦਾ ਸਿਧਿ ਦਾਤਾ ਦਿਆਲੰ ॥੧੭॥੬੦॥**

Sadaa sarabadaa sidh(i) daataa di-aala(n). ||17||60||

**ਅਛੇਦੀ ਅਭੇਦੀ ਅਨਾਮੰ ਅਕਾਮੰ ॥**

Achhaydee abhaydee anaama(n) akaama(n).

ਸਮਸਤੋ ਪਰਾਜੀ ਸਮਸਤਸਤੁ ਧਾਮਂ ॥੧੮॥੬੧॥
Samasato paraajee samasatasat(u) dhaama(n). ||18||61||

**ਤੇਰਾ ਜੋਰੁ ॥ ਚਾਚਰੀ ਛੰਦ ॥**
**Tayraa jor(u) || chaacharee chha(n)d ||**

ਜਲੇ ਹੈਂ ॥
jalay hai(n).
ਥਲੇ ਹੈਂ ॥ ਅਭੀਤ ਹੈਂ ॥ ਅਭੇ ਹੈਂ ॥੧॥੬੨॥
T'halay hai(n) || abheet hai(n) || abhay hai(n). ||1||62||
ਪ੍ਰਭੂ ਹੈਂ ॥ ਅਜੂ ਹੈਂ ॥
Prabhoo hai(n) || ajoo hai(n).
ਅਦੇਸ ਹੈਂ ॥ ਅਭੇਸ ਹੈਂ ॥੨॥੬੩॥
Adays hai(n) || abhays hai(n). ||2||63||

**ਭੁਜੰਗ ਪ੍ਰਯਾਤ ਛੰਦ ॥ ਤ੍ਵ ਪ੍ਰਸਾਦਿ ॥**

**Bhuja(n)g prayaat chha(n)d || tva prasaad(i).**

**ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥**

Agaadhay abaadhay || ana(n)dee saroopay.

**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੧॥੬੪॥**

Namo sarab maanay || samasatee nidhaanay. ||1||64||

**ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥**

Namasatva(n) nrinaat'hay || namasatva(n) pramaat'hay.

**ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥੨॥੬੫॥**

Namasatva(n) aga(n)jay || namasatva(n) abha(n)jay. ||2||65||

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥**

Namasatva(n) akaalay || namasatva(n) apaalay.

**ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੩॥੬੬॥**

Namo sarab daysay || namo sarab bhaysay. ||3||66||

ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥

Namo raaj raajay || namo saaj saajay.

ਨਮੋ ਸਾਹ ਸਾਹੇ ॥ ਨਮੋ ਮਾਹ ਮਾਹੇ ॥੪॥੬੭॥

Namo saah saahay || namo maah maahay. ||4||67||

ਨਮੋ ਗੀਤ ਗੀਤੇ ॥ ਨਮੋ ਪ੍ਰੀਤਿ ਪ੍ਰੀਤੇ ॥

Namo geet geetay || namo preet(i) preetay.

ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੫॥੬੮॥

Namo rokh rokhay || namo sokh sokhay. ||5||68||

ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥

Namo sarab rogay || namo sarab bhogay.

ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੬॥੬੯॥

Namo sarab jeeta(n) || namo sarab bheeta(n). ||6||69||

ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥

Namo sarab gi-aana(n) || namo param taana(n).

ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭॥੭੦॥

Namo sarab ma(n)tra(n) || namo sarab ja(n)tra(n). ||7||70||

**ਨਮੋ ਸਰਬ ਦ੍ਰਿਸੰ ॥ ਨਮੋ ਸਰਬ ਕ੍ਰਿਸੰ ॥**

Namo sarab drisa(n) || namo sarab krisa(n).

**ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੮॥੭੧॥**

Namo sarab ra(n)gay || tribha(n)gee ana(n)gay. ||8||71||

**ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥**

Namo jeev jeeva(n) || namo beej beejay.

**ਅਖਿਜੇ ਅਭਿਜੇ ॥ ਸਮਸਤੰ ਪ੍ਰਸਿਜੇ ॥੯॥੭੨॥**

Akhijay abhijay || samasata(n) prasijay. ||9||72||

**ਕ੍ਰਿਪਾਲੰ ਸਰੂਪੇ ॥ ਕੁਕਰਮੰ ਪ੍ਰਣਾਸੀ ॥**

Kripaala(n) saroopay || kukarama(n) praṇaasee.

**ਸਦਾ ਸਰਬ ਦਾ ਰਿਧਿ ਸਿੱਧ ਨਿਵਾਸੀ ॥੧੦॥੭੩॥**

Sadaa sarabadaa ridh(i) sidha(n) nivaasee. ||10||73||

**ਚਰਪਟ ਛੰਦ ॥ ਤ੍ਵ ਪ੍ਰਸਾਦਿ ॥**

**Charapaṭ chha(n)d || tva prasaad(i).**

**ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥**

A(n)mrit karamay || a(n)brit dharamay.

**ਅਖਿਲ ਜੋਗੇ ॥ ਅਚਲ ਭੋਗੇ ॥੧॥੭੪॥**

Akhil jogay || achal bhogay. ||1||74||

**ਅਚਲ ਰਾਜੇ ॥ ਅਟਲ ਸਾਜੇ ॥**

Achal raajay || aṭal saajay.

**ਅਖਲ ਧਰਮੰ ॥ ਅਲਖ ਕਰਮੰ ॥੨॥੭੫॥**

Akhal dharama(n) || alakh karama(n). ||2||75||

**ਸਰਬੰ ਦਾਤਾ ॥ ਸਰਬੰ ਗਿਆਤਾ ॥**

Saraba(n) daataa || saraba(n) gi-aataa.

**ਸਰਬੰ ਭਾਨੇ ॥ ਸਰਬੰ ਮਾਨੇ ॥੩॥੭੬॥**

Saraba(n) bhaanay || saraba(n) maanay. ||3||76||

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥**

Saraba(n) praaṇa(n) || saraba(n) traaṇa(n).

**ਸਰਬੰ ਭੁਗਤਾ ॥ ਸਰਬੰ ਜੁਗਤਾ ॥੪॥੭੭॥**

Saraba(n) bhugataa || saraba(n) jugataa. ||4||77||

**ਸਰਬੰ ਦੇਵੰ ॥ ਸਰਬੰ ਭੇਵੰ ॥**

Saraba(n) dayva(n) || saraba(n) bhayva(n).

**ਸਰਬੰ ਕਾਲੇ ॥ ਸਰਬੰ ਪਾਲੇ ॥੫॥੭੮॥**

Saraba(n) kaalay || saraba(n) paalay. ||5||78||

**ਰੂਆਲ ਛੰਦ ॥ ਤ੍ਵ ਪ੍ਰਸਾਦਿ ॥**

**Roo-aal chha(n)d || tva prasaad(i).**

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥**

Aad(i) roop anaad(i) moorat(i) ajon(i) purakh apaar.

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥**

Sarab maan trimaan dayv abhayv aad(i) udaar.

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥**

Sarab paalak sarab ghaalak sarab ko pun(i) kaal.

**ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥੧॥੭੯॥**

Jatr tatr biraajahee avadhoot roop risaal. ||1||79||

**ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥**

Naam ṭ'haam na jaat(i) jaakar roop ra(n)g na raykh.

**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥**

Aad(i) purakh udaar moorat(i) ajon(i) aad(i) asaykh.

**ਦੇਸ ਅਉਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥**

Days a-ur na bhays jaakar roop raykh na raag.

**ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੨॥੮੦॥**

Jatr tatr disaa visaa hu-i phaili-o anuraag. ||2||80||

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥**

Naam kaam biheen paykhat dhaam hoo(n) nah(i) jaah(i).

**ਸਰਬ ਮਾਨ ਸਰਬਤ੍ਰ ਮਾਨ ਸਦੈਵ ਮਾਨਤ ਤਾਹਿ ॥**

Sarab maan sarabatr maan sadaiv maanat taah(i).

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥**

Ayk moorat(i) anayk darasan keen roop anayk.

**ਖੇਲ ਖੇਲਿ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੩॥੮੧॥**

Khayl khayl(i) akhayl khaylan a(n)t ko phir(i) ayk. ||3||81||

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥**

Dayv bhayv na jaanahee jih bayd a-ur katayb.

**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥**

Roop ra(n)g na jaat(i) paat(i) s(u) jaana-ee kih jayb.

**ਤਾਤ ਮਾਤ ਨ ਜਾਤ ਜਾ ਕਰ ਜਨਮ ਮਰਨ ਬਿਹੀਨ ॥**

Taat maat na jaat jaa kar janam maran biheen.

**ਚਕ੍ਰ ਬਕ੍ਰ ਫਿਰੈ ਚਤ੍ਰ ਚਕਿ ਮਾਨਹੀ ਪੁਰ ਤੀਨ ॥੪॥੮੨॥**

Chakr bakr phirai chatr chak(i) maanahee pur teen. ||4||82||

**ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪੁ ॥**

Lok cha-udah kay bikhai jag jaapahee jih jaap(u).

**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪੁ ॥**

Aad(i) dayv anaad(i) moorat(i) t'haapi-o sabai jih t'haap(u).

**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ ॥**

Param roop puneet moorat(i) pooran purakh(u) apaar.

**ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨ ਹਾਰ ॥੫॥੮੩॥**

Sarab bisv rachi-o suya(n)bhav gaṛan bha(n)jan haar. ||5||83||

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥**

Kaal heen kalaa sa(n)jugat(i) akaal purakh adays.

**ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ ॥**

Dharam dhaam s(u) bharam rahat abhoot alakh abhays.

**ਅੰਗ ਰਾਗ ਨ ਰੰਗ ਜਾ ਕਹਿ ਜਾਤਿ ਪਾਤਿ ਨ ਨਾਮ ॥**

A(n)g raag na ra(n)g jaa kah(i) jaat(i) paat(i) na naam.

**ਗਰਬ ਗੰਜਨ ਦੁਸਟ ਭੰਜਨ ਮੁਕਤ ਦਾਇਕ ਕਾਮ ॥੬॥੮੪॥**

Garab ga(n)jan dusaṭ bha(n)jan mukat daa-ik kaam. ||6||84||

**ਆਪ ਰੂਪ ਅਮੀਕ ਅਨਉਸਤਤਿ ਏਕ ਪੁਰਖੁ ਅਵਧੂਤ ॥**

Aap roop ameek ana-usatat(i) ayk purakh(u) avadhoot.

**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥**

Garab ga(n)jan sarab bha(n)jan aad(i) roop asoot.

**ਅੰਗ ਹੀਨ ਅਭੰਗ ਅਨਾਤਮ ਏਕ ਪੁਰਖੁ ਅਪਾਰ ॥**

A(n)g heen abha(n)g anaatam ayk purakh(u) apaar.

**ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥੭॥੮੫॥**

Sarab laa-ik sarab ghaa-ik sarab ko pratipaar. ||7||85||

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥

Sarab ga(n)taa sarab ha(n)taa sarab tay anabhaykh.

ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ ॥

Sarab saasatr na jaanahee jih roop ra(n)g(u) ar(u) raykh.

ਪਰਮ ਬੇਦ ਪੁਰਾਣ ਜਾਕਹਿ ਨੇਤਿ ਭਾਖਤ ਨਿਤ ॥

Param bayd puraaṇ jaakah(i) nayt(i) bhaakhat nit.

ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿਤਿ ॥੮॥੮੬॥

Koṭ(i) si(n)mrit(i) puraan saasatr na aava-ee vah(u) chit(i). ||8||86||

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

**Madhubhaar chha(n)d || tva prasaad(i).**

ਗੁਨ ਗਨ ਉਦਾਰ ॥ ਮਹਿਮਾ ਅਪਾਰ ॥

Gun gan udaar || mahimaa apaar.

ਆਸਨ ਅਭੰਗ ॥ ਉਪਮਾ ਅਨੰਗ ॥੧॥੮੭॥

Aasan abha(n)g || upamaa ana(n)g. ||1||87||

ਅਨਭਉ ਪ੍ਰਕਾਸ ॥ ਨਿਸ ਦਿਨ ਅਨਾਸ ॥
Anabha-u prakaas || nis din anaas.
ਆਜਾਨੁ ਬਾਹੁ ॥ ਸਾਹਾਨੁ ਸਾਹੁ ॥੨॥੮੮॥
Aajaan(u) baah(u) || saahaan(u) saah(u). ||2||88||
ਰਾਜਾਨ ਰਾਜ ॥ ਭਾਨਾਨ ਭਾਨੁ ॥
Raajaan raaj || bhaanaan bhaan(u).
ਦੇਵਾਨ ਦੇਵ ॥ ਉਪਮਾ ਮਹਾਨ ॥੩॥੮੯॥
Dayvaan dayv || upamaa mahaan. ||3||89||
ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥
I(n)draan i(n)dr || baalaan baal.
ਰੰਕਾਨ ਰੰਕ ॥ ਕਾਲਾਨ ਕਾਲ ॥੪॥੯੦॥
Ra(n)kaan ra(n)k || kaalaan kaal. ||4||90||
ਅਨਭੂਤ ਅੰਗ ॥ ਆਭਾ ਅਭੰਗ ॥
Anabhoot a(n)g || aabhaa abha(n)g.
ਗਤਿ ਮਿਤਿ ਅਪਾਰ ॥
Gat(i) mit(i) apaar.
ਗੁਨ ਗਨ ਉਦਾਰ ॥੫॥੯੧॥
Gun gan udaar. ||5||91||

ਮੁਨਿ ਗਨ ਪ੍ਰਨਾਮ ॥ ਨਿਰਭੈ ਨ੍ਰਿਕਾਮ ॥
Mun(i) gan pranaam || nirabhai nrikaam.
ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੬॥੯੨॥
At(i) dut(i) pracha(n)ḍ || mit(i) gat(i) akha(n)ḍ. ||6||92||
ਆਲਿਸ੍ਯ ਕਰਮ ॥ ਆਦ੍ਰਿਸ੍ਯ ਧਰਮ ॥
Aalisa-y karam || aadrisa-y dharam.
ਸਰਬਾ ਭਰਣਾਢ੍ਯ ॥ ਅਨਡੰਡ ਬਾਢ੍ਯ ॥੭॥੯੩॥
Sarabaa bharaṇaaḍha-y || anaḍa(n)ḍ baaḍha-y. ||7||93||
ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
**Chaacharee chha(n)d || tva prasaad(i).**

ਗੁਬਿੰਦੇ ॥ ਮੁਕੰਦੇ ॥ ਉਦਾਰੇ ॥
Gubi(n)day || muka(n)day || udaaray.
ਅਪਾਰੇ ॥੧॥੯੪॥
Apaaray. ||1||94||
ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥
Haree-a(n) || karee-a(n) || nrinaamay.

ਅਕਾਮੇ ॥੨॥੯੫॥

Akaamay. ||2||95||

**ਭੁਜੰਗ ਪ੍ਰਯਾਤ ਛੰਦ ॥**

**Bhuja(n)g prayaat chha(n)d ||**

ਚਤ੍ਰ ਚਕ੍ਰ ਕਰਤਾ ॥

chatr chakr karataa.

ਚਤ੍ਰ ਚਕ੍ਰ ਹਰਤਾ ॥ ਚਤ੍ਰ ਚਕ੍ਰ ਦਾਨੇ ॥

Chatr chakr harataa || chatr chakr daanay.

ਚਤ੍ਰ ਚਕ੍ਰ ਜਾਨੇ ॥੧॥੯੬॥

Chatr chakr jaanay. ||1||96||

ਚਤ੍ਰ ਚਕ੍ਰ ਵਰਤੀ ॥ ਚਤ੍ਰ ਚਕ੍ਰ ਭਰਤੀ ॥

Chatr chakr varatee || chatr chakr bharatee.

ਚਤ੍ਰ ਚਕ੍ਰ ਪਾਲੇ ॥ ਚਤ੍ਰ ਚਕ੍ਰ ਕਾਲੇ ॥੨॥੯੭॥

Chatr chakr paalay || chatr chakr kaalay. ||2||97||

ਚਤ੍ਰ ਚਕ੍ਰ ਪਾਸੇ ॥ ਚਤ੍ਰ ਚਕ੍ਰ ਵਾਸੇ ॥

Chatr chakr paasay || chatr chakr vaasay.

ਚਤ੍ਰ ਚਕ੍ਰ ਮਾਨਜੈ ॥ ਚਤ੍ਰ ਚਕ੍ਰ ਦਾਨਜੈ ॥੩॥੯੮॥

Chatr chakr maanayai || chatr chakr daanayai. ||3||98||

**ਚਾਚਰੀ ਛੰਦ ॥**

**Chaacharee chha(n)d.**

ਨ ਸਤ੍ਰੈ ॥ ਨ ਮਿਤ੍ਰੈ ॥

Na satrai || na mitrai.

ਨ ਭਰਮੰ ॥ ਨ ਭਿਤ੍ਰੈ ॥੧॥੯੯॥

Na bharama(n) || na bhitrai. ||1||99||

ਨ ਕਰਮੰ ॥ ਨ ਕਾਏ ॥

Na karama(n) || na kaa-ay.

ਅਜਨਮੰ ॥ ਅਜਾਏ ॥੨॥੧੦੦॥

Ajanama(n) || ajaa-ay. ||2||100||

ਨ ਚਿਤ੍ਰੈ ॥ ਨ ਮਿਤ੍ਰੈ ॥

Na chitrai || na mitrai.

ਪਰੇ ਹੈ ॥ ਪਵਿਤ੍ਰੈ ॥੩॥੧੦੧॥

Paray hai || pavitrai. ||3||101||

**ਪ੍ਰਿਥੀਸੈ ॥ ਅਦੀਸੈ ॥**
Prit'heesai || adeesai.
**ਅਦ੍ਰਿਸੈ ॥ ਅਕ੍ਰਿਸੈ ॥੪॥੧੦੨॥**
Adrisai || akrisai. ||4||102||

**ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥**
**Bhagavatee chha(n)d || tva prasaad(i) kat'hatay.**

**ਕਿ ਆਛਿਜ ਦੇਸੈ ॥ ਕਿ ਆਭਿਜ ਭੇਸੈ ॥**
K(i) aachhij daysai || k(i) aabhij bhaysai.
**ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧॥੧੦੩॥**
K(i) aaga(n)j karamai || k(i) aabha(n)j bharamai. ||1||103||
**ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥**
K(i) aabhij lokai || k(i) aadit sokai.
**ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥੨॥੧੦੪॥**
K(i) avadhoot baranai || k(i) bibhoot karanai. ||2||104||

ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮ ਧੁਜਾ ਹੈਂ ॥
K(i) raaja(n) prabhaa hai(n) || k(i) dharam dhujaa hai(n).

ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੩॥੧੦੫॥
K(i) aasok baranai || k(i) sarabaa abharanai. ||3||105||

ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥
K(i) jagata(n) kritee hai(n) || k(i) chhatra(n) chhatree hai(n).

ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੪॥੧੦੬॥
K(i) brahama(n) saroopai || k(i) anabha-u anoopai. ||4||106||

ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥
K(i) aad(i) adayv hai(n) || k(i) aap(i) abhayv hai(n).

ਕਿ ਚਿਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੫॥੧੦੭॥
K(i) chitra(n) biheenai || k(i) aykai adheenai. ||5||107||

**ਕਿ ਰੋਜੀ ਰਜਾਕੈ ॥ ਰਹੀਮੈ ਰਿਹਾਕੈ ॥**

K(i) rojee rajaakai || raheemai rihaakai.

**ਕਿ ਪਾਕ ਬਿਐਬ ਹੈਂ ॥ ਕਿ ਗੈਬੁਲ ਗੈਬ ਹੈਂ ॥੬॥੧੦੮॥**

K(i) paak bi-aib hai(n) || k(i) gaibul gaib hai(n). ||6||108||

**ਕਿ ਅਫਵੁਲ ਗੁਨਾਹ ਹੈਂ ॥ ਕਿ ਸਾਹਾਨ ਸਾਹ ਹੈਂ ॥**

K(i) aphavul gunaah hai(n) || k(i) saahaan saah hai(n).

**ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜੀ ਦਿਹਿੰਦ ਹੈਂ ॥੭॥੧੦੯॥**

K(i) kaaran kuni(n)d hai(n) || k(i) rojee dihi(n)d hai(n). ||7||109||

**ਕਿ ਰਾਜਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥**

K(i) raajak raheem hai(n) || k(i) karama(n) kareem hai(n).

**ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੮॥੧੧੦॥**

K(i) saraba(n) kalee hai(n) || k(i) saraba(n) dalee hai(n). ||8||110||

ਕਿ ਸਰਬਤ੍ਰ ਮਾਨਿਯੈ ॥ ਕਿ ਸਰਬਤ੍ਰ ਦਾਨਿਯੈ ॥

K(i) sarabatr maaniyai || k(i) sarabatr daaniyai.

ਕਿ ਸਰਬਤ੍ਰ ਗਉਨੈ ॥ ਕਿ ਸਰਬਤ੍ਰ ਭਉਨੈ ॥੯॥੧੧੧॥

K(i) sarabatr ga-unai || k(i) sarabatr bha-unai. ||9||111||

ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥

K(i) sarabatr daysai || k(i) sarabatr bhaysai.

ਕਿ ਸਰਬਤ੍ਰ ਰਾਜੈ ॥ਕਿ ਸਰਬਤ੍ਰ ਸਾਜੈ ॥੧੦॥੧੧੨॥

K(i) sarabatr raajai ||k(i) sarabatr saajai. ||10||112||

ਕਿ ਸਰਬਤ੍ਰ ਦੀਨੈ ॥ ਕਿ ਸਰਬਤ੍ਰ ਲੀਨੈ ॥

K(i) sarabatr deenai || k(i) sarabatr leenai.

ਕਿ ਸਰਬਤ੍ਰ ਜਾਹੋ ॥ ਕਿ ਸਰਬਤ੍ਰ ਭਾਹੋ ॥੧੧॥੧੧੩॥

K(i) sarabatr jaaho || k(i) sarabatr bhaaho. ||11||113||

ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥

K(i) sarabatr daysai || k(i) sarabatr bhaysai.

**ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥੧੨॥੧੧੪॥**

K(i) sarabatr kaalai || k(i) sarabatr paalai. ||12||114||

**ਕਿ ਸਰਬਤ੍ਰ ਹੰਤਾ ॥ ਕਿ ਸਰਬਤ੍ਰ ਗੰਤਾ ॥**

K(i) sarabatr ha(n)taa || k(i) sarabatr ga(n)taa.

**ਕਿ ਸਰਬਤ੍ਰ ਭੇਖੀ ॥ ਕਿ ਸਰਬਤ੍ਰ ਪੇਖੀ ॥੧੩॥੧੧੫॥**

K(i) sarabatr bhaykhee || k(i) sarabatr paykhee. ||13||115||

**ਕਿ ਸਰਬਤ੍ਰ ਕਾਜੈ ॥ ਕਿ ਸਰਬਤ੍ਰ ਰਾਜੈ ॥**

K(i) sarabatr kaajai || k(i) sarabatr raajai.

**ਕਿ ਸਰਬਤ੍ਰ ਸੋਖੈ ॥ ਕਿ ਸਰਬਤ੍ਰ ਪੋਖੈ ॥੧੪॥੧੧੬॥**

K(i) sarabatr sokhai || k(i) sarabatr pokhai. ||14||116||

**ਕਿ ਸਰਬਤ੍ਰ ਤ੍ਰਾਣੈ ॥ ਕਿ ਸਰਬਤ੍ਰ ਪ੍ਰਾਣੈ ॥**

K(i) sarabatr traaṇai || k(i) sarabatr praaṇai.

**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥੧੫॥੧੧੭॥**

K(i) sarabatr daysai || k(i) sarabatr bhaysai. ||15||117||

**ਕਿ ਸਰਬਤ੍ਰ ਮਾਨਿਯੈ ॥ ਸਦੈਵੰ ਪ੍ਰਧਾਨਿਯੈ ॥**

K(i) sarabatr maaniyai || sadaiva(n) pradhaaniyai.

**ਕਿ ਸਰਬਤ੍ਰ ਜਾਪਿਯੈ ॥ ਕਿ ਸਰਬਤ੍ਰ ਥਾਪਿਯੈ ॥੧੬॥੧੧੮॥**

K(i) sarabatr jaapiyai || k(i) sarabatr t'haapiyai. ||16||118||

**ਕਿ ਸਰਬਤ੍ਰ ਭਾਨੈ ॥ ਕਿ ਸਰਬਤ੍ਰ ਮਾਨੈ ॥**

K(i) sarabatr bhaanai || k(i) sarabatr maanai.

**ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥੧੭॥੧੧੯॥**

K(i) sarabatr i(n)drai || k(i) sarabatr cha(n)drai. ||17||119||

**ਕਿ ਸਰਬੰ ਕਲੀਮੈ ॥ ਕਿ ਪਰਮੰ ਫਹੀਮੈ ॥**

K(i) saraba(n) kaleemai || k(i) parama(n) phaheemai.

ਕਿ ਆਕਿਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੮॥੧੨੦॥

K(i) aakil alaamai || k(i) saahib kalaamai. ||18||120||

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥

K(i) husanal vajoo hai(n) || tamaamul rujoo hai(n).

ਹਮੇਸੁਲ ਸਲਾਮੈ ॥ ਸਲੀਖਤ ਮੁਦਾਮੈ ॥੧੯॥੧੨੧॥

Hamaysul salaamai || saleekhat mudaamai. ||19||121||

ਗਨੀਮੁਲ ਸਿਕਸਤੈ ॥ਗਰੀਬੁਲ ਪਰਸਤੈ ॥

Ganeemul sikasatai ||gareebul parasatai.

ਬਿਲੰਦੁਲ ਮਕਾਨੈ ॥ ਜਮੀਨਲ ਜਮਾਨੈ ॥੨੦॥੧੨੨॥

Bila(n)dul makaanai || jameenal jamaanai. ||20||122||

ਤਮੀਜੁਲ ਤਮਾਮੈ ॥ ਰੁਜੂਅਲ ਨਿਧਾਨੈ ॥

Tameejul tamaamai || rujoo-al nidhaanai.

ਹਰੀਫੁਲ ਅਜੀਮੈ ॥ਰਜਾਇਕ ਯਕੀਨੈ ॥੨੧॥੧੨੩॥

Hareephul ajeemai ||rajaa-ik yakeenai. ||21||123||

**ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥**

Anaykul tara(n)g hai(n) || abhayd hai(n) abha(n)g hai(n).

**ਅਜੀਜਲ ਨਿਵਾਜ ਹੈਂ ॥ਗਨੀਮੁਲ ਖਿਰਾਜ ਹੈਂ ॥੨੨॥੧੨੪॥**

Ajeejal nivaaj hai(n) ||ganeemul khiraaj hai(n). ||22||124||

**ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤਿ ਹੈਂ ॥**

Nirukat saroop hai(n) || trimukat(i) bibhoot(i) hai(n).

**ਪ੍ਰਭੁਗਤਿ ਪ੍ਰਭਾ ਹੈਂ ॥ ਸੁਜੁਗਤਿ ਸੁਧਾ ਹੈਂ ॥੨੩॥੧੨੫॥**

Prabhugat(i) prabhaa hai(n) || sujugat(i) sudhaa hai(n). ||23||125||

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥**

Sadaiva(n) saroop hai(n) || abhaydee anoop hai(n).

**ਸਮਸਤੋਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੨੪॥੧੨੬॥**

Samasatoparaaj hai(n) || sadaa sarab saaj hai(n). ||24||126||

ਸਮਸਤੁਲ ਸਲਾਮ ਹੈਂ ॥ ਸਦੈਵੁਲ ਅਕਾਮ ਹੈਂ ॥
Samasatul salaam hai(n) || sadaivul akaam hai(n).
ਨ੍ਰਿਬਾਧ ਸਰੂਪ ਹੈਂ ॥ਅਗਾਧ ਅਨੂਪ ਹੈਂ ॥੨੫॥੧੨੭॥
Nribaadh saroop hai(n) ||agaadh anoop hai(n). ||25||127||
ਓਅੰ ਆਦਿ ਰੂਪੇ ॥ ਅਨਾਦਿ ਸਰੂਪੇ ॥
O-a(n) aad(i) roopay || anaad(i) saroopay.
ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥੨੬॥੧੨੮॥
Ana(n)gee anaamay || tribha(n)gee trikaamay. ||26||128||
ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥
Tribaraga(n) tribaadhay || aga(n)jay agaadhay.
ਸੁਭੰ ਸਰਬ ਭਾਗੇ ॥ ਸੁ ਸਰਬਾਨੁਰਾਗੇ ॥੨੭॥੧੨੯॥
Subha(n) sarab bhaagay || s(u) sarabaanuraagay. ||27||129||
ਤ੍ਰਿਭੁਗਤ ਸਰੂਪ ਹੈਂ ॥ ਅਛਿਜ ਹੈਂ ਅਛੂਤ ਹੈਂ ॥
Tribhugat saroop hai(n) || achhij hai(n) achhoot hai(n).

ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੨੮॥੧੩੦॥

K(i) naraka(n) praṇaas hai(n) || prit'hee-ul pravaas hai(n). ||28||130||

ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥

Nirukat(i) prabhaa hai(n) || sadaiva(n) sadaa hai(n).

ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੨੯॥੧੩੧॥

Bibhugat(i) saroop hai(n) || prajugat(i) anoop hai(n). ||29||131||

ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥

Nirukat(i) sadaa hai(n) || bibhugat(i) prabhaa hai(n).

ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੩੦॥੧੩੨॥

Ana-ukat(i) saroop hai(n) || prajugat(i) anoop hai(n). ||30||132||

## ਚਾਚਰੀ ਛੰਦ ॥
## Chaacharee chha(n)d ||

**ਅਭੰਗ ਹੈਂ ॥**
abha(n)g hai(n).
**ਅਨੰਗ ਹੈਂ ॥ ਅਭੇਖ ਹੈਂ ॥ ਅਲੇਖ ਹੈਂ ॥੧॥੧੩੩॥**
Ana(n)g hai(n) || abhaykh hai(n) || alaykh hai(n). ||1||133||
**ਅਭਰਮ ਹੈਂ ॥ ਅਕਰਮ ਹੈਂ ॥**
Abharam hai(n) || akaram hai(n).
**ਅਨਾਦਿ ਹੈਂ ॥ ਜੁਗਾਦਿ ਹੈਂ ॥੨॥੧੩੪॥**
Anaad(i) hai(n) || jugaad(i) hai(n). ||2||134||
**ਅਜੈ ਹੈਂ ॥ ਅਬੈ ਹੈਂ ॥**
Ajai hai(n) || abai hai(n).
**ਅਭੂਤ ਹੈਂ ॥ ਅਧੂਤ ਹੈਂ ॥੩॥੧੩੫॥**
Abhoot hai(n) || adhoot hai(n). ||3||135||
**ਅਨਾਸ ਹੈਂ ॥ ਉਦਾਸ ਹੈਂ ॥**
Anaas hai(n) || udaas hai(n).
**ਅਧੰਧ ਹੈਂ ॥ ਅਬੰਧ ਹੈਂ ॥੪॥੧੩੬॥**
Adha(n)dh hai(n) || aba(n)dh hai(n). ||4||136||

ਅਭਗਤ ਹੈਂ ॥ ਬਿਰਕਤ ਹੈਂ ॥
Abhagat hai(n) || birakat hai(n).
ਅਨਾਸ ਹੈਂ ॥ ਪ੍ਰਕਾਸ ਹੈਂ ॥੫॥੧੩੭॥
Anaas hai(n) || prakaas hai(n). ||5||137||
ਨਿਚਿੰਤ ਹੈਂ ॥ ਸੁਨਿੰਤ ਹੈਂ ॥
Nichi(n)t hai(n) || suni(n)t hai(n).
ਅਲਿਖ ਹੈਂ ॥ ਅਦਿਖ ਹੈਂ ॥੬॥੧੩੮॥
Alikh hai(n) || adikh hai(n). ||6||138||
ਅਲੇਖ ਹੈਂ ॥ ਅਭੇਖ ਹੈਂ ॥
Alaykh hai(n) || abhaykh hai(n).
ਅਢਾਹ ਹੈਂ ॥ਅਗਾਹ ਹੈਂ ॥੭॥੧੩੯॥
Aḍhaah hai(n) ||agaah hai(n). ||7||139||
ਅਸੰਭ ਹੈਂ ॥ ਅਗੰਭ ਹੈਂ ॥
Asa(n)bh hai(n) || aga(n)bh hai(n).
ਅਨੀਲ ਹੈਂ ॥ ਅਨਾਦਿ ਹੈਂ ॥੮॥੧੪੦॥
Aneel hai(n) || anaad(i) hai(n). ||8||140||
ਅਨਿਤ ਹੈਂ ॥ਸੁਨਿਤ ਹੈਂ ॥
Anit hai(n) ||sunit hai(n).
ਅਜਾਤ ਹੈਂ ॥ ਅਜਾਦਿ ਹੈਂ ॥੯॥੧੪੧॥
Ajaat hai(n) || ajaad(i) hai(n). ||9||141||

**ਚਰਪਟ ਛੰਦ ॥ ਤ੍ਵ ਪ੍ਰਸਾਦਿ ॥**

**Charapaṭ chha(n)d || tva prasaad(i).**

**ਸਰਬੰ ਹੰਤਾ ॥ਸਰਬੰ ਗੰਤਾ ॥**

Saraba(n) ha(n)taa ||saraba(n) ga(n)taa.

**ਸਰਬੰ ਖਿਆਤਾ ॥**

Saraba(n) khi-aataa.

**ਸਰਬੰ ਗਿਆਤਾ ॥੧॥੧੪੨॥**

Saraba(n) gi-aataa. ||1||142||

**ਸਰਬੰ ਹਰਤਾ ॥ ਸਰਬੰ ਕਰਤਾ ॥**

Saraba(n) harataa || saraba(n) karataa.

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੨॥੧੪੩॥**

Saraba(n) praaṇa(n) || saraba(n) traaṇa(n). ||2||143||

**ਸਰਬੰ ਕਰਮੰ ॥ ਸਰਬੰ ਧਰਮੰ ॥**

Saraba(n) karama(n) || saraba(n) dharama(n).

**ਸਰਬੰ ਜੁਗਤਾ ॥ ਸਰਬੰ ਮੁਕਤਾ ॥੩॥੧੪੪॥**

Saraba(n) jugataa || saraba(n) mukataa. ||3||144||

**ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥**

**Rasaaval chha(n)d || tva prasaad(i).**

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**

Namo narak naasay || sadaiva(n) prakaasay.

**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧॥੧੪੫॥**

Ana(n)ga(n) saroopay || abha(n)ga(n) bibhootay. ||1||145||

**ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**

Pramaat'ha(n) pramaat'hay || sadaa sarab saat'hay.

**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੨॥੧੪੬॥**

Agaadh saroopay || nribaadh bibhootay. ||2||146||

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥**

Ana(n)gee anaamay || tribha(n)gee trikaamay.

**ਨ੍ਰਿਭੰਗੀ ਸਰੂਪੇ ॥ਸਰਬੰਗੀ ਅਨੂਪੇ ॥੩॥੧੪੭॥**

Nribha(n)gee saroopay ||saraba(n)gee anoopay. ||3||147||

ਨ ਪੋਤ੍ਰੈ ਨ ਪੁਤ੍ਰੈ ॥ ਨ ਸਤ੍ਰੈ ਨ ਮਿਤ੍ਰੈ ॥
Na potrai na putrai || na satrai na mitrai.

ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥੪॥੧੪੮॥
Na taatai na maatai || na jaatai na paatai. ||4||148||

ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥
Nrisaaka(n) sareek hai(n) || amito ameek hai(n).

ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੫॥੧੪੯॥
Sadaiva(n) prabhaa hai(n) || ajai hai(n) ajaa hai(n). ||5||149||

**ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥**
**Bhagavatee chha(n)d || tva prasaad(i).**

ਕਿ ਜਾਹਿਰ ਜਹੂਰ ਹੈਂ ॥ ਕਿ ਹਾਜਿਰ ਹਜੂਰ ਹੈਂ ॥
K(i) jaahir jahoor hai(n) || k(i) haajir hajoor hai(n).

**ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧॥੧੫੦॥**

Hamaysul salaam hai(n) || samasatul kalaam hai(n). ||1||150||

**ਕਿ ਸਾਹਿਬ ਦਿਮਾਗ ਹੈਂ ॥ ਕਿ ਹੁਸਨੁਲ ਚਰਾਗ ਹੈਂ ॥**

K(i) saahib dimaag hai(n) || k(i) husanul charaag hai(n).

**ਕਿ ਕਾਮਲ ਕਰੀਮ ਹੈਂ ॥ ਕਿ ਰਾਜਕ ਰਹੀਮ ਹੈਂ ॥੨॥੧੫੧॥**

K(i) kaamal kareem hai(n) || k(i) raajak raheem hai(n). ||2||151||

**ਕਿ ਰੋਜੀ ਦਿਹਿੰਦ ਹੈਂ ॥ ਕਿ ਰਾਜਕ ਰਹਿੰਦ ਹੈਂ ॥**

K(i) rojee dihi(n)d hai(n) || k(i) raajak rahi(n)d hai(n).

**ਕਰੀਮੁਲ ਕਮਾਲ ਹੈਂ ॥ ਕਿ ਹੁਸਨੁਲ ਜਮਾਲ ਹੈਂ ॥੩॥੧੫੨॥**

Kareemul kamaal hai(n) || k(i) husanul jamaal hai(n). ||3||152||

**ਗਨੀਮੁਲ ਖਿਰਾਜ ਹੈਂ ॥ ਗਰੀਬੁਲ ਨਿਵਾਜ ਹੈਂ ॥**

Ganeemul khiraaj hai(n) || gareebul nivaaj hai(n).

**ਹਰੀਫੁਲ ਸਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੪॥੧੫੩॥**

Hareephul sika(n)n hai(n) || hiraasul phika(n)n hai(n). ||4||153||

**ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥**

Kala(n)ka(n) praṇaas hai(n) || samasatul nivaas hai(n).

**ਅਗੰਜੁਲ ਗਨੀਮ ਹੈਂ ॥ ਰਜਾਇਕ ਰਹੀਮ ਹੈ ॥੫॥੧੫੪॥**

Aga(n)jul ganeem hai(n) || rajaa-ik raheem hai. ||5||154||

**ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾ ਹੈਂ ॥**

Samasatul jubaa(n) hai(n) || k(i) saahib kiraa hai(n).

**ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥੬॥੧੫੫॥**

K(i) naraka(n) praṇaas hai(n) || bahisatul nivaas hai(n). ||6||155||

**ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈ ॥**

K(i) sarabul gava(n)n hai(n) || hamaysul rava(n)n hai.

**ਤਮਾਮੁਲ ਤਮੀਜ ਹੈਂ ॥ ਸਮਸਤੁਲ ਅਜੀਜ ਹੈਂ ॥੭॥੧੫੬॥**

Tamaamul tameej hai(n) || samasatul ajeej hai(n). ||7||156||

**ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥**

Para(n) param ees hai(n) || samasatul adees hai(n).

**ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੮॥੧੫੭॥**

Adaysul alaykh hai(n) || hamaysul abhaykh hai(n). ||8||157||

**ਜਮੀਨੁਲ ਜਮਾਂ ਹੈਂ ॥ ਅਮੀਕੁਲ ਇਮਾਂ ਹੈਂ ॥**

Jameenul jamaa(n) hai(n) || ameekul imaa(n) hai(n).

**ਕਰੀਮੁਲ ਕਮਾਲ ਹੈਂ ॥ ਕਿ ਜੁਰਅਤ ਜਮਾਲ ਹੈਂ ॥੯॥੧੫੮॥**

Kareemul kamaal hai(n) || k(i) jura-at jamaal hai(n). ||9||158||

**ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥**

K(i) achala(n) prakaas hai(n) || k(i) amito subaas hai(n).

**ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤਿ ਹੈਂ ॥੧੦॥੧੫੯॥**

K(i) ajab saroop hai(n) || k(i) amito bibhoot(i) hai(n). ||10||159||

**ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥**

K(i) amito pasaa hai(n) || k(i) aatam prabhaa hai(n).

ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੧॥੧੬੦॥
K(i) achala(n) ana(n)g hai(n) || k(i)
amito abha(n)g hai(n). ||11||160||

**ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥**
**Madhubhaar chha(n)d || tva prasaad(i).**

ਮੁਨਿ ਮਨਿ ਪ੍ਰਨਾਮ ॥ਗੁਨਿ ਗਨ ਮੁਦਾਮ ॥
Mun(i) man(i) pranaam ||gun(i)
gan mudaam.
ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧॥੧੬੧॥
Ar(i) bar aga(n)j || har(i) nar prabha(n)j.
||1||161||
ਅਨ ਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥
An gan pranaam || mun(i) man(i) salaam.
ਹਰਿ ਨਰ ਅਖੰਡ ॥ਬਰ ਨਰ ਅਮੰਡ ॥੨॥੧੬੨॥
Har(i) nar akha(n)ḍ ||bar nar
ama(n)ḍ. ||2||162||
ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥
Anabhav anaas || mun(i) man(i)
prakaas.

ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੩॥੧੬੩॥
Gun(i) gan pranaam || jal t'hal mudaam. ||3||163||

ਅਨਛਿਜ ਅੰਗ ॥ ਆਸਨ ਅਭੰਗ ॥
Anachhij a(n)g || aasan abha(n)g.

ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੪॥੧੬੪॥
Upamaa apaar || gat(i) mit(i) udaar. ||4||164||

ਜਲ ਥਲ ਅਮੰਡ ॥ਦਿਸ ਵਿਸ ਅਭੰਡ ॥
Jal t'hal ama(n)ḍ ||dis vis abha(n)ḍ.

ਜਲ ਥਲ ਮਹੰਤ ॥ਦਿਸ ਵਿਸ ਬਿਅੰਤ ॥੫॥੧੬੫॥
Jal t'hal maha(n)t ||dis vis bi-a(n)t. ||5||165||

ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥
Anabhav anaas || dhrit dhar dhuraas.

ਆਜਾਨ ਬਾਹੁ ॥ ਏਕੈ ਸਦਾਹੁ ॥੬॥੧੬੬॥
Aajaan baah(u) || aykai sadaah(u). ||6||166||

ਓਅੰਕਾਰ ਆਦਿ ॥ ਕਥਨੀ ਅਨਾਦਿ ॥
O-a(n)kaar aad(i) || kat'hanee anaad(i).

**ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੭॥੧੬੭॥**

Khal kha(n)ḍ khi-aal || gur bar akaal. ||7||167||

**ਘਰਿ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥**

Ghar(i) ghar(i) pranaam || chit charan naam.

**ਅਨਛਿਜ ਗਾਤ ॥ ਆਜਿਜ ਨ ਬਾਤ ॥੮॥੧੬੮॥**

Anachhij gaat || aajij na baat. ||8||168||

**ਅਨਝੰਝ ਗਾਤ ॥ ਅਨਰੰਜ ਬਾਤ ॥**

Anajha(n)jh gaat || anara(n)j baat.

**ਅਨਟੁਟ ਭੰਡਾਰ ॥ ਅਨਠਟ ਅਪਾਰ ॥੯॥੧੬੯॥**

Anaṭuṭ bha(n)ḍaar || anaṭ'haṭ apaar. ||9||169||

**ਆਡੀਠ ਧਰਮ ॥ ਅਤਿ ਢੀਠ ਕਰਮ ॥**

Aaḍeeṭ'h dharam || at(i) ḍheeṭ'h karam.

**ਅਨਬ੍ਰਣ ਅਨੰਤ ॥ ਦਾਤਾ ਮਹੰਤ ॥੧੦॥੧੭੦॥**

Anabraṇ ana(n)t || daataa maha(n)t. ||10||170||

**ਹਰਿਬੋਲਮਨਾ ਛੰਦ ॥ ਤ੍ਵਪ੍ਰਸਾਦਿ ॥**
**Haribolamanaa chha(n)d || tvaprasaad(i).**

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥**
Karuṇaala-y hai(n) || ar(i) ghaala-y hai(n).
**ਖਲ ਖੰਡਨ ਹੈਂ ॥ਮਹਿ ਮੰਡਨ ਹੈਂ ॥੧॥੧੭੧॥**
Khal kha(n)ḍan hai(n) ||mah(i) ma(n)ḍan hai(n). ||1||171||
**ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥**
Jagataysvar hai(n) || paramaysvar hai(n).
**ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥੨॥੧੭੨॥**
Kal(i) kaaraṇ hai(n) || sarab ubaaraṇ hai(n). ||2||172||
**ਧ੍ਰਿਤ ਕੇ ਧਰਣ ਹੈਂ ॥ ਜਗ ਕੇ ਕਰਣ ਹੈਂ ॥**
Dhrit kay dharaṇ hai(n) || jag kay karaṇ hai(n).
**ਮਨ ਮਾਨਿਯ ਹੈਂ ॥ਜਗ ਜਾਨਿਯ ਹੈਂ ॥੩॥੧੭੩॥**
Man maani-y hai(n) ||jag jaani-y hai(n). ||3||173||
**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥**
Saraba(n) bhar hai(n) || saraba(n) kar hai(n).

ਸਰਬ ਪਾਸਿ-ਯ ਹੈਂ ॥ ਸਰਬ ਨਾਸਿ-ਯ ਹੈਂ ॥੪॥੧੭੪॥
Sarab paasiy hai(n) || sarab naasiy hai(n). ||4||174||
ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥
Karuṇaakar hai(n) || bisva(n)bhar hai(n).
ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੫॥੧੭੫॥
Sarabaysvar hai(n) || jagataysvar hai(n). ||5||175||
ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥
Brahama(n)ḍas hai(n) || khal kha(n)ḍas hai(n).
ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੬॥੧੭੬॥
Par tay par hai(n) || karuṇaakar hai(n). ||6||176||
ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥
Ajapaa jap hai(n) || at'hapaa t'hap hai(n).
ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੭॥੧੭੭॥
Akritaa krit hai(n) || amritaa mrit hai(n). ||7||177||
ਅਮ੍ਰਿਤਾ ਮ੍ਰਿਤ ਹੈਂ ॥ ਕਰੁਣਾ ਕ੍ਰਿਤ ਹੈਂ ॥
Amritaa mrit hai(n) || karuṇaa krit hai(n).

**ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥੮॥੧੭੮॥**

Akritaa krit hai(n) || dharaṇee dhrit hai(n). ||8||178||

**ਅਮਿਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥**

Amitaysvar hai(n) || paramaysvar hai(n).

**ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੯॥੧੭੯॥**

Akritaa krit hai(n) || amritaa mrit hai(n). ||9||179||

**ਅਜਬਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥**

Ajabaa krit hai(n) || amritaa mrit hai(n).

**ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੦॥੧੮੦॥**

Nar naa-ik hai(n) || khal ghaa-ik hai(n). ||10||180||

**ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥**

Bisva(n)bhar hai(n) || karuṇaala-y hai(n).

**ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੧॥੧੮੧॥**

Nrip naa-ik hai(n) || sarab paa-ik hai(n). ||11||181||

**ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥**

Bhav bha(n)jan hai(n) || ar(i) ga(n)jan hai(n).

ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੨॥੧੮੨॥
Rip(u) taapan hai(n) || jap(u) jaapan hai(n). ||12||182||

ਅਕਲੰਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥
Akala(n)krit hai(n) || sarabaa krit hai(n).

ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੩॥੧੮੩॥
Karataa kar hai(n) || harataa har(i) hai(n). ||13||183||

ਪਰਮਾਤਮ ਹੈਂ ॥ ਸਰਬਾਤਮ ਹੈਂ ॥
Paramaatam hai(n) || sarabaatam hai(n).

ਆਤਮ ਬਸ ਹੈਂ ॥ਜਸ ਕੇ ਜਸ ਹੈਂ ॥੧੪॥੧੮੪॥
Aatam bas hai(n) ||jas kay jas hai(n). ||14||184||

ਭੁਜੰਗ ਪ੍ਰਯਾਤ ਛੰਦ ॥
Bhuja(n)g prayaat chha(n)d.

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥
Namo sooraj soorajay namo cha(n)dr cha(n)dray.

ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥
Namo raaj raajay namo i(n)dr i(n)dray.

ਨਮੋ ਅੰਧਕਾਰੇ ਨਮੋ ਤੇਜ ਤੇਜੇ ॥
Namo a(n)dhakaaray namo tayj tayjay.
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧॥੧੮੫॥
Namo bri(n)d bri(n)day namo beej beejay. ||1||185||
ਨਮੋ ਰਾਜਸੰ ਤਾਮਸੰ ਸਾਂਤਿ ਰੂਪੇ ॥
Namo raajasa(n) taamasa(n) saa(n)t(i) roopay.
ਨਮੋ ਪਰਮ ਤਤੰ ਅਤਤੰ ਸਰੂਪੇ ॥
Namo param tata(n) atata(n) saroopay.
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥
Namo jog jogay namo gi-aan gi-aanay.
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੨॥੧੮੬॥
Namo ma(n)tr ma(n)tray namo dhi-aan dhi-aanay. ||2||186||
ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥
Namo judh judhay namo gi-aan gi-aanay.
ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥
Namo bhoj bhojay namo paan paanay.
ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ ॥
Namo kalah karataa namo saa(n)t(i) roopay.

**ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੩॥੧੮੭॥**

Namo i(n)dr i(n)dray anaada(n) bibhootay. ||3||187||

**ਕਲੰਕਾਰ ਰੂਪੇ ਅਲੰਕਾਰ ਅਲੰਕੇ ॥**

Kala(n)kaar roopay ala(n)kaar ala(n)kay.

**ਨਮੋ ਆਸ ਆਸੇ ਨਮੋ ਬਾਕ ਬੰਕੇ ॥**

Namo aas aasay namo baak ba(n)kay.

**ਅਭੰਗੀ ਸਰੂਪੇ ਅਨੰਗੀ ਅਨਾਮੇ ॥**

Abha(n)gee saroopay ana(n)gee anaamay.

**ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੪॥੧੮੮॥**

Tribha(n)gee trikaalay ana(n)gee akaamay. ||4||188||

**ਏਕ ਅਛਰੀ ਛੰਦ ॥**

Ayk achharee chha(n)d.

**ਅਜੈ ॥ ਅਲੈ ॥**

Ajai || alai.

**ਅਭੈ ॥ ਅਬੈ ॥੧॥੧੮੯॥**

Abhai || abai. ||1||189||

ਅਭੂ ॥ ਅਜੂ ॥
Abhoo || ajoo.
ਅਨਾਸ ॥ ਅਕਾਸ ॥੨॥੧੯੦॥
Anaas || akaas. ||2||190||
ਅਗੰਜ ॥ ਅਭੰਜ ॥
Aga(n)j || abha(n)j.
ਅਲਖ ॥ ਅਭਖ ॥੩॥੧੯੧॥
Alakh || abhakh. ||3||191||
ਅਕਾਲ ॥ ਦਿਆਲ ॥
Akaal || di-aal.
ਅਲੇਖ ॥ ਅਭੇਖ ॥੪॥੧੯੨॥
Alaykh || abhaykh. ||4||192||
ਅਨਾਮ ॥ ਅਕਾਮ ॥
Anaam || akaam.
ਅਗਾਹ ॥ ਅਢਾਹ ॥੫॥੧੯੩॥
Agaah || aḍhaah. ||5||193||
ਅਨਾਥੇ ॥ ਪ੍ਰਮਾਥੇ ॥
Anaat'hay || pramaat'hay.
ਅਜੋਨੀ ॥ ਅਮੋਨੀ ॥੬॥੧੯੪॥
Ajonee || amonee. ||6||194||

ਨ ਰਾਗੇ ॥ ਨ ਰੰਗੇ ॥
Na raagay || na ra(n)gay.
ਨ ਰੂਪੇ ॥ ਨ ਰੇਖੇ ॥੭॥੧੯੫॥
Na roopay || na raykhay. ||7||195||
ਅਕਰਮੰ ॥ ਅਭਰਮੰ ॥
Akarama(n) || abharama(n).
ਅਗੰਜੇ ॥ਅਲੇਖੇ ॥੮॥੧੯੬॥
Aga(n)jay ||alaykhay. ||8||196||

**ਭੁਜੰਗ ਪ੍ਰਯਾਤ ਛੰਦ ॥**
**Bhuja(n)g prayaat chha(n)d.**

ਨਮਸਤੁਲ ਪ੍ਰਨਾਮੇ ਸਮਸਤੁਲ ਪ੍ਰਣਾਸੇ ॥
Namasatul pranaamay samasatul praṇaasay.
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥
Aga(n)jul anaamay samasatul nivaasay.
ਨਿਰਕਾਮੰ ਬਿਭੂਤੇ ਸਮਸਤੁਲ ਸਰੂਪੇ ॥
Nirakaama(n) bibhootay samasatul saroopay.

**ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧॥੧੯੭॥**

Kukarama(n) praṇaasee sudharama(n) bibhootay. ||1||197||

**ਸਦਾ ਸਚਿਦਾਨੰਦ ਸਤ੍ਰੰ ਪ੍ਰਣਾਸੀ ॥**

Sadaa sachidaana(n)d satra(n) praṇaasee.

**ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥**

Kareemul kuni(n)daa samasatul nivaasee.

**ਅਜਾਇਬ ਬਿਭੂਤੇ ਗਜਾਇਬ ਗਨੀਮੇ ॥**

Ajaa-ib bibhootay gajaa-ib ganeemay.

**ਹਰੀਅੰ ਕਰੀਅੰ ਕਰੀਮਲੁ ਰਹੀਮੇ ॥੨॥੧੯੮॥**

Haree-a(n) karee-a(n) kareemal(u) raheemay. ||2||198||

**ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ ॥**

Chatr chakr varatee chatr chakr bhugatay.

**ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥**

Suya(n)bhav subha(n) sarabadaa sarab jugatay.

**ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥**

Dukaala(n) praṇaasee di-aala(n) saroopay.

**ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੩॥੧੯੯॥**

Sadaa a(n)g sa(n)gay abha(n)ga(n) bibhootay. ||3||199||

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

Waheguru Ji Ka Khalsa
Waheguru Ji Ki Fateh.